# FOLK RELIGION OF GUJJAR TRIBE
## (with reference to the State of Jammu and Kashmir)
## ਗੁੱਜਰ ਕਬੀਲੇ ਦਾ ਲੋਕ ਧਰਮ
## (ਜੰਮੂ-ਕਸ਼ਮੀਰ ਰਿਆਸਤ ਦੇ ਸੰਦਰਭ 'ਚ )

**ਡਾ. ਮਮਤਾ ਰਾਣੀ (Dr. Mamta Rani)**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ, ਯੂਨੀਵਰਸਿਟੀ ਆਫ਼ ਜੰਮੂ, ਜੰਮੂ (ਜੰਮੂ-ਕਸ਼ਮੀਰ)
ਮੋਬਾਈਲ : 92892-87778, E-Mail : drmamta372@gmail.com

ABSTRACT

*ਗੁੱਜਰਾਂ ਦੀ ਸਮਾਜਿਕ ਜਿੰਦਗੀ ਧਾਰਮਿਕ ਜਿੰਦਗੀ ਦੇ ਨਾਲ ਬਹੁਤ ਜਿਆਦਾ ਜੁੜੀ ਹੋਈ ਹੈ। ਜਨਮ ਤੋਂ ਲੈ ਕੇ ਮੌਤ ਤਕ ਧਰਮ ਉਨ੍ਹਾਂ ਦੀ ਜਿੰਦਗੀ ਵਿੱਚ ਬਹੁਤ ਅਹਿਮ ਭੂਮਿਕ ਨਿਭਾਉਂਦਾ ਹੈ। ਸੰਸਾਰ ਵਿੱਚ ਗੁੱਜਰ ਕਬੀਲਾ ਅਨੇਕਾਂ ਧਰਮਾਂ ਵਿੱਚ ਪਾਇਆ ਜਾਂਦਾ ਹੈ। ਭਾਰਤ ਵਿੱਚ ਗੁੱਜਰ ਕਬੀਲੇ ਦੇ ਜਿਆਦਾਤਰ ਲੋਕ ਹਿੰਦੂ ਧਰਮ ਨਾਲ ਸੰਬੰਧ ਰੱਖਦੇ ਹਨ। ਜਦਕਿ ਜੰਮੂ-ਕਸ਼ਮੀਰ ਵਿੱਚ ਗੁੱਜਰ ਇਸਲਾਮ ਧਰਮ ਨਾਲ ਸੰਬੰਧਤ ਹਨ। ਮੁਸਲਮਾਨ ਹੋਣ ਦੇ ਨਾਤੇ ਇਨ੍ਹਾਂ ਲੋਕਾਂ ਦੇ ਧਾਰਮਿਕ ਵਿਸ਼ਵਾਸ ਵੀ ਬਾਕੀ ਮੁਸਲਮਾਨਾਂ ਨਾਲ ਮਿਲਦੇ ਹਨ। ਇਹ ਲੋਕ ਪੈਗੰਬਰ ਇਸਲਾਮ ਹਜਰਤ ਮੁਹੰਮਦ ਨੂੰ ਆਪਣਾ ਨਬੀ (ਪੈਗੰਬਰ) ਮੰਨਦੇ ਹਨ ਅਤੇ ਉਨ੍ਹਾਂ ਦੇ ਰਸਤੇ ਤੇ ਚਲਨਾ ਆਪਣਾ ਧਰਮ ਸਮਝਦੇ ਹਨ। ਔਲੀਆਂ ਕਰਾਮ ਵਿੱਚ ਵੀ ਇਨ੍ਹਾਂ ਲੋਕਾਂ ਦਾ ਪੂਰਾ ਵਿਸ਼ਵਾਸ ਹੈ।*

**ਕੀਵਰਡ**: *ਕਬੀਲੇ, ਗੁੱਜਰ, ਸਮਾਜਿਕ ਜੀਵਨ, ਧਾਰਮਿਕ ਵਿਸ਼ਵਾਸ, ਜੰਮੂ-ਕਸ਼ਮੀਰ, ਇਸਲਾਮ, ਹਿੰਦੂ ਧਰਮ, ਲੋਕ-ਵਿਸ਼ਵਾਸ*

ਕਿਸੇ ਅਣਡਿੱਠੀ ਵਸਤੂ ਦੀ ਹੋਂਦ ਜਿਹੜੀ ਮਨੁੱਖੀ ਕਾਰ-ਵਿਹਾਰ ਜਾਂ ਜੀਵਿਕਾ ਵਿੱਚ ਕਿਸੇ ਪ੍ਰਕਾਰ ਦਾ ਪ੍ਰਭਾਵ ਪਾ ਰਹੀ ਹੋਵੇ, ਉਸ ਹੋਂਦ ਰਹਿਤ ਸ਼ਕਤੀ ਨੂੰ ਚਿੱਤਵ ਕੇ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰਨਾ ਮਨੁੱਖ ਦੀ ਸੁਭਾਵਿਕ ਪ੍ਰਵਿਤੀ ਹੈ। ਡਰ ਹੋਵੇ, ਸ਼ੰਕਾ ਜਾਂ ਤੋਖਲਾ ਆਦਿਮ ਮਨੁੱਖ ਵੀਗਸਨ ਜਾਂ ਵੀਨਸਨ ਦੀ ਪ੍ਰਕਿਰਿਆ ਨੂੰ ਕਿਸੇ ਗੈਬੀ ਸ਼ਕਤੀ ਦਾ ਕਰਿਸ਼ਮਾ ਪ੍ਰਵਾਨਦਾ ਹੈ ਅਤੇ ਉਸ ਸ਼ਕਤੀ ਨੂੰ ਵੱਖਰੇ-ਵੱਖਰੇ ਆਕਾਰ ਦੇ ਕੇ ਦੇਵੀ-ਦੇਵਤੇ ਦੇ ਰੂਪ ਵਿੱਚ ਮਨਾਉਣ ਦੀਆਂ ਰਸਮਾਂ ਸਿਰਜ ਲੈਂਦਾ ਹੈ। ਲੋਕ ਧਰਮ ਹੀ ਸਹਿਜੇ-ਸਹਿਜੇ ਵਕਤ ਪਾ ਕੇ ਬਹੁਤ ਸਾਰੇ ਸਮਾਜਿਕ-ਸੁਧਾਰਾਂ ਦੇ ਨਾਲ ਕਿਸੇ ਧਰਮ ਵਿਸ਼ੇਸ਼ ਦਾ ਦਰਜਾ ਪ੍ਰਾਪਤ ਕਰਦਾ ਹੈ।

ਦੁਨੀਆਂ ਵਿੱਚ ਧਰਮ ਨੂੰ ਸਮਝਣ ਲਈ ਸਾਨੂੰ ਆਦਿਮ ਮਨੁੱਖ ਦੀ ਜੀਵਨ ਸ਼ੈਲੀ, ਗਿਆਨ ਅਤੇ ਲੋਕ ਵਿਸ਼ਵਾਸਾਂ ਨੂੰ ਸਮਝਣਾ ਪਵੇਗਾ। ਮਨੁੱਖ ਆਪਣੇ ਤਜੁਰਬਿਆਂ ਨਾਲ ਸਿੱਖਣ ਵਾਲਾ ਪ੍ਰਾਣੀ ਹੈ ਤੇ ਹਰ ਉਸ ਦਿਸਦੀ ਜਾਂ ਅਣਦਿਸਦੀ ਵਸਤੂ ਜਿਸਨੇ ਵੀ ਉਸ ਨੂੰ ਡਰਾਇਆ ਹੈ ਜਾਂ ਪ੍ਰਭਾਵਿਤ ਕੀਤਾ ਹੈ, ਪ੍ਰਤੀ ਇੱਕ ਵਿਸ਼ੇਸ਼ ਪ੍ਰਕਾਰ ਦੀ ਆਸਥਾ ਦਾ ਭਾਵ ਉਸਦੇ ਅੰਦਰ ਪੈਦਾ ਕੀਤਾ ਹੈ। ਲੋਕ ਧਰਮ ਦੀ ਸ਼ੁਰੂਆਤ ਕੁਝ ਅਜਿਹੇ ਲੋਕ-ਵਿਸ਼ਵਾਸਾਂ ਅਤੇ ਅਣਦਿਸਦੀ ਸ਼ਕਤੀ ਦੇ ਮਿੱਥੇ ਪ੍ਰਭਾਵਾਂ ਨਾਲ ਹੀ ਹੁੰਦੀ ਹੈ। ਇਸ ਤਰ੍ਹਾਂ ਜੰਗਲਾਂ ਵਿੱਚ ਰਹਿਣ ਵਾਲਾ ਆਦਿ ਮਨੁੱਖ ਸੂਰਜ, ਚੰਨ, ਅਸਮਾਨੀ ਬਿਜਲੀ, ਅੱਗ, ਮੀਂਹ, ਨਾਗ, ਸ਼ੇਰ ਆਦਿ ਤਾਕਤਾਂ ਜਿਹੜੀਆਂ ਉਹਦੇ ਜੀਵਨ ਨੂੰ ਨੁਕਸਾਨ ਪਹੁੰਚਾ ਸਕਦੀਆਂ ਸਨ ਤੋਂ ਭੈਅ-ਭੀਤ ਰਹਿੰਦਾ ਸੀ। ਹੌਲੀ-ਹੌਲੀ ਇਹ ਡਰਾਉਣੀਆਂ ਦਿਸਦੀਆਂ ਜਾਂ ਗੈਬੀ ਤਾਕਤਾਂ ਉਹਦੇ ਲਈ ਦੇਵੀ-ਦੇਵਤਿਆਂ ਦੀ ਥਾਂ ਗ੍ਰਹਿਣ ਕਰਨ ਲੱਗੀਆਂ ਤੇ ਉਹ ਇਨ੍ਹਾਂ ਨੂੰ ਮਨਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਪੂਜਾ ਵਿਧੀਆਂ ਅਪਣਾਉਣ ਲੱਗਾ।

ਅਜੋਕੇ ਸਮਾਜ ਵਿੱਚ ਪ੍ਰਚਲਿਤ ਬਹੁਤ ਸਾਰੇ ਪੀਰ, ਫਕੀਰ, ਦੇਵੀ-ਦੇਵਤੇ ਜੇ ਅਸੀਂ ਧਿਆਨ ਨਾਲ ਵਿਚਾਰੀਏ ਤਾਂ ਕਿਸੇ ਨਾ ਕਿਸੇ ਕੁਦਰਤੀ ਵਰਤਾਰੇ ਨਾਲ ਜੁੜ ਕੇ ਅਜੋਕੇ ਮੁਕਾਮ ਤੱਕ ਪਹੁੰਚੇ ਹਨ। ਇਸ ਸੰਦਰਭ 'ਚ ਪ੍ਰੋ. ਜੀਤ ਸਿੰਘ ਜੋਸੀ ਲਿਖਦੇ ਹਨ ਕਿ *"ਪਹਾੜਾਂ ਉੱਤੇ ਪੈਣ ਵਾਲੀ ਬਰਫ਼ ਸਦਕਾ ਨਦੀਆਂ ਸਾਰਾ ਸਾਲ ਵਗਦੀਆਂ ਰਹਿੰਦੀਆਂ ਹਨ ਤੇ ਮਾਨਵ ਨੂੰ ਜੀਵਨ-ਦਾਨ ਦਿੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਜੇ ਮਾਨਵ ਇਹ ਮੰਨ ਲਵੇ ਕਿ ਮਨੁੱਖ ਨੂੰ ਜੀਵਨ-ਦਾਨ ਦੇਣ ਵਾਲਾ ਸ਼ਿਵ ਭੋਲੇ ਨਾਥ ਪਹਾੜੀ ਦੀ ਚੋਟੀ ਉੱਤੇ ਨਿਵਾਸ ਕਰਦਾ ਹੈ ਤਾਂ ਇਸ ਵਿੱਚ ਲੋਕ-ਮਾਨਸ ਦਾ ਕੀ ਦੋਸ਼? ਉਸ ਨੂੰ ਤਾਂ ਜੀਵਨ-ਦਾਨ ਸਚਮੁੱਚ ਮਿਲ ਰਿਹਾ ਹੈ।"* [1] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅੱਜ ਜਿਹੜੇ ਪ੍ਰਚਲਿਤ ਧਰਮ ਸੰਸਕਾਰ ਵਿਚਰ ਰਹੇ ਹਨ ਉਹ ਕਿਸੇ ਨਾ ਕਿਸੇ ਤਰ੍ਹਾਂ ਪੁਰਾਤਨ ਲੋਕ ਵਿਸ਼ਵਾਸਾਂ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਦੀ ਜੀਵਨ ਦੇ ਨਾਲ ਕੁਦਰਤੀ ਸਾਂਝ ਹੋਣ ਦੇ ਬਾਵਜੂਦ ਧਾਰਮਿਕ ਲੋਕ-ਵਿਸ਼ਵਾਸ ਵਿੱਚ ਵੀ ਪੂਰਾ ਦਖਲ ਹੈ।

ਲੋਕ ਧਰਮ ਨੂੰ ਪਰਿਭਾਸ਼ਿਤ ਕਰਨ ਲੱਗਿਆਂ ਬਹੁਤ ਸਾਰੇ ਵਿਦਵਾਨਾਂ ਦੇ ਆਪਣੇ-ਆਪਣੇ ਮਤ ਹਨ। ਪਰ ਜਦੋਂ ਅਸੀਂ ਗਹੁ ਨਾਲ ਦੇਖਦੇ ਹਾਂ ਤਾਂ ਉਹ ਸਾਰੇ ਲੋਕ-ਧਰਮ ਦੇ ਵੱਖਰੇ-ਵੱਖਰੇ ਸਰੋਕਾਰਾਂ ਨੂੰ ਜਾਂ ਰੂਪਾਂ ਨੂੰ ਹੀ ਬਿਆਨ ਕਰ ਰਹੇ ਹੁੰਦੇ ਹਨ। ਪ੍ਰੋ. ਜੀਤ ਸਿੰਘ ਜੋਸ਼ੀ ਲੋਕ ਧਰਮ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ ਕਿ *"ਲੋਕ ਧਰਮ ਇਕ ਅਜਿਹਾ ਸੰਕਲਪ ਹੈ, ਜਿਸ ਵਿੱਚ ਲੋਕ-ਜੀਵਨ ਦੀਆਂ ਅਨੇਕਾਂ ਆਪ ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਕਿਸੇ ਅਣਡਿੱਠੀ, ਵਜੂਦ ਰਹਿਤ ਚੀਜ਼ ਦੀ ਹੋਂਦ ਨੂੰ ਚਿਤਵ ਲੈਣਾ ਅਤੇ ਉਸ ਨੂੰ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰ ਲੈਣਾ, ਲੋਕ-ਮਾਨਸ ਦੀ ਸੁਭਾਵਿਕ ਪ੍ਰਵਿਰਤੀ ਹੈ। ਇਸੇ ਸੁਭਾਵਿਕ ਪ੍ਰਵਿਰਤੀ ਵਿੱਚੋਂ ਹੀ ਲੋਕ-ਧਰਮ ਦਾ ਜਨਮ ਹੋਇਆ ਹੈ।"* [2] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕੋਈ ਅਣਡਿੱਠੀ ਵਸਤੂ ਜਾਂ ਗੈਬੀ ਤਾਕਤ ਮਨੁੱਖ ਲਈ ਆਸਥਾ ਦੀ ਵਸਤੂ ਬਣ ਜਾਂਦੀ ਹੈ ਤੇ ਇਸ ਤਰ੍ਹਾਂ ਲੋਕ ਧਰਮ ਨੂੰ ਇਕ ਠੋਸ ਆਧਾਰ ਮਿਲ ਜਾਂਦਾ ਹੈ।

ਮਨੁੱਖ ਦਾ ਇਹ ਹੌਲੀ-ਹੌਲੀ ਪੱਕਾ ਨਿਸ਼ਚਾ ਬਣ ਗਿਆ ਹੈ ਕਿ ਜੋ ਕੰਮ ਆਮ ਤੌਰ 'ਤੇ ਨਹੀ ਹੋ ਸਕਦਾ ਉਹ ਪੀਰਾਂ ਜਾਂ ਦੇਵਤਿਆਂ ਨੂੰ ਮੰਨਾ ਕੇ ਜਾਂ ਖੁਸ਼ ਕਰਕੇ ਕਰਵਾਇਆ ਜਾ ਸਕਦਾ ਹੈ। ਇਸ ਤਰ੍ਹਾਂ ਬਹੁਤ ਸਾਰੀਆਂ ਪਰਾਸ਼ਰੀਰਕ ਸ਼ਕਤੀਆਂ ਨੂੰ ਖੁਸ਼ ਕਰਨ, ਕਾਬੂ ਕਰਨ ਜਾਂ ਮਨਾਉਣ ਦੇ ਢੰਗ ਸਾਹਮਣੇ ਆਏ। ਇਸ

ਸੰਦਰਭ ਵਿੱਚ ਡਾ. ਬਲਬੀਰ ਸਿੰਘ ਪੁੰਨੀ ਲੋਕ ਧਰਮ ਬਾਰੇ ਲਿਖਦੇ ਹਨ ਕਿ *"ਲੋਕ-ਧਰਮ ਮਾਨਵਵਾਦੀ ਹੈ। ਇਸ ਦਾ ਮਨੋਰਥ ਲੋਕਿਕ ਯੁੱਗ ਵਿੱਚ ਵਿਅਕਤੀ ਨੂੰ ਦੁੱਖਾਂ, ਕਸ਼ਟਾਂ, ਮੁਸੀਬਤਾਂ ਤੋਂ ਬਚਾਉਣਾ ਹੈ। ਕੁਦਰਤੀ ਸ਼ਕਤੀਆਂ ਦੇ ਚੰਗੇ "ਪ੍ਰਭਾਵ ਨੂੰ ਗ੍ਰਹਿਣ ਕਰਨਾ' ਅਤੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਵੱਖੋ-ਵੱਖਰੇ ਉਪਾਅ ਜਾਂ ਪੂਜਾ ਵਿਧੀਆਂ ਨੂੰ ਅਪਨਾਉਣਾ ਹੈ, ਜਦੋਂ ਕਿ ਵਿਸ਼ਿਸ਼ਟ ਧਰਮ ਵਿੱਚ ਪਰਾਲੋਕਿਕ ਜਗਤ ਵਿੱਚ ਖੁਸ਼ਹਾਲੀ ਅਤੇ ਜਨਮ ਮਰਨ ਤੋਂ ਮੁਕਤੀ ਦਿਵਾਉਣਾ ਹੈ। ਲੋਕ-ਧਰਮ ਸਰਬ ਸਾਂਝਾ ਧਰਮ ਹੈ।"* [3] ਇਸ ਉਪਰੋਕਤ ਵਿਚਾਰ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਲੋਕ-ਧਰਮ ਇਕ ਅਜਿਹਾ ਸੰਕਲਪ ਹੈ ਜਿਸ ਵਿੱਚ ਮਨੁੱਖੀ ਸਮਾਜ ਦੀਆਂ ਬਹੁਤ ਸਾਰੀਆਂ ਆਪ ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ ਧਰਮ ਕੋਈ ਸਥਿਰ ਧਰਮ ਨਹੀਂ ਸਗੋਂ ਇਕ ਪਰਿਵਰਤਨਸ਼ੀਲ ਧਰਮ ਹੈ। ਜਿਸ ਵਿੱਚ ਬਹੁਤ ਸਾਰੀਆਂ ਰੂੜੀਆਂ ਹੌਲੀ-ਹੌਲੀ ਮਿਲਦੀਆਂ ਜਾਂਦੀਆਂ ਹਨ। ਉਦਾਹਰਣ ਵਜੋਂ ਬਹੁਤ ਸਾਰੇ ਹਮਲਾਵਰਾਂ ਦੇ ਅਸਰ ਅਧੀਨ ਧਰਮਾਂ ਵਿੱਚ ਕੁਝ ਨਵੇਂ ਅੰਸ਼ਾਂ ਦਾ ਰੁਲ ਜਾਣਾ। ਡਾ. ਦਰਿਆ ਲੋਕ ਧਰਮ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ ਕਿ *"ਲੋਕ-ਧਰਮ ਪਰੰਪਰਾਗਤ ਅਤੇ ਮੌਖਿਕ ਰੂਪ ਵਿੱਚ ਚੱਲਿਆ ਆਉਂਦਾ ਅਜਿਹਾ ਧਰਮ ਹੈ, ਜਿਸ ਵਿੱਚ ਮੂਲ ਧਰਮ ਅਤੇ ਆਦਿਮਕਾਲੀਨ ਧਰਮ ਦੀਆਂ ਰੂੜੀਆਂ ਦਾ ਮਿਸ਼ਰਣ ਹੁੰਦਾ ਹੈ।"* [4] ਇਸ ਤਰ੍ਹਾਂ ਲੋਕ ਧਰਮ ਇਕ ਅਜਿਹਾ ਧਰਮ ਬਣ ਜਾਂਦਾ ਹੈ ਜੋ ਦੂਸਰੇ ਧਰਮਾਂ ਤੋਂ ਉਪਰ ਉਠ ਜਾਂਦਾ ਹੈ ਅਤੇ ਬਿਨ੍ਹਾਂ ਕਿਸੇ ਵਿਤਕਰੇ ਤੋਂ ਸਮਾਜ ਦੇ ਲੋਕਾਂ ਨੂੰ ਪ੍ਰਵਾਨਿਤ ਹੁੰਦਾ ਹੈ।

ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਸਰੋਕਾਰ ਜਿਵੇਂ ਕਿ ਬੀਮਾਰੀ, ਆਰਥਿਕ ਸਮੱਸਿਆਵਾਂ, ਖੇਤੀਬਾੜੀ, ਲੋਕ ਵਿਸ਼ਵਾਸ ਆਦਿ ਮਸਲੇ ਵੀ ਲੋਕ ਧਰਮ ਨਾਲ ਆ ਜੁੜਦੇ ਹਨ। ਡਾ. ਗੁਰਮੀਤ ਸਿੰਘ ਇਸਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ ਕਿ *"ਲੋਕ ਧਰਮ ਵਿੱਚ ਆਦਿਮ-ਕਾਲੀਨ ਧਰਮ ਅਤੇ ਉਨ੍ਹਾਂ ਦੇ ਅਵਸ਼ੇਸ਼, ਲੋਕ-ਚਿਕਿਤਸਾ, ਜਾਦੂ-ਟੂਣਾ, ਲੋਕ ਵਿਸ਼ਵਾਸ, ਲੋਕ ਪਹਿਰਾਵਾ, ਫਸਲਾਂ ਬੀਜਣ ਅਤੇ ਵੱਢਣ ਸੰਬੰਧੀ ਅਨੁਸ਼ਠਾਨ, ਲੋਕ ਗੀਤ ਅਤੇ ਲੋਕ ਕਲਾ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਅਰਥਾਂ ਵਿੱਚ ਲੋਕ ਧਰਮ ਲੋਕਧਾਰਾ ਦਾ ਹੀ ਸਮਾਨਅਰਥੀ ਹੋ ਨਿਬੜਦਾ ਹੈ।"* [5] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ ਧਰਮ ਆਪਣੇ ਅੰਦਰ ਜਿੰਦਗੀ ਦੇ ਬਹੁਤ ਸਾਰੇ ਸਰੋਕਾਰਾਂ ਨਾਲ ਓਤ-ਪ੍ਰੋਤ ਹੁੰਦਾ ਹੈ ਤੇ ਇਕ ਤਰ੍ਹਾਂ ਨਾਲ ਕਿਸੇ ਖਿੱਤੇ ਵਿਸ਼ੇਸ਼ ਦੀ ਲੋਕਧਾਰਾ ਦਾ ਹੀ ਪ੍ਰਗਟਾ ਹੁੰਦਾ ਹੈ।

ਗੁੱਜਰਾਂ ਦੀ ਸਮਾਜਿਕ ਜਿੰਦਗੀ ਧਾਰਮਿਕ ਜਿੰਦਗੀ ਦੇ ਨਾਲ ਬਹੁਤ ਜਿਆਦਾ ਜੁੜੀ ਹੋਈ ਹੈ। ਜਨਮ ਤੋਂ ਲੈ ਕੇ ਮੌਤ ਤਕ ਧਰਮ ਉਨ੍ਹਾਂ ਦੀ ਜਿੰਦਗੀ ਵਿੱਚ ਬਹੁਤ ਅਹਿਮ ਭੂਮਿਕ ਨਿਭਾਉਂਦਾ ਹੈ। ਸੰਸਾਰ ਵਿੱਚ ਗੁੱਜਰ ਕਬੀਲਾ ਅਨੇਕਾਂ ਧਰਮਾਂ ਵਿੱਚ ਪਾਇਆ ਜਾਂਦਾ ਹੈ। ਭਾਰਤ ਵਿੱਚ ਗੁੱਜਰ ਕਬੀਲੇ ਦੇ ਜਿਆਦਾਤਰ ਲੋਕ ਹਿੰਦੂ ਧਰਮ ਨਾਲ ਸੰਬੰਧ ਰੱਖਦੇ ਹਨ। ਜਦਕਿ ਜੰਮੂ-ਕਸ਼ਮੀਰ ਵਿੱਚ ਗੁੱਜਰ ਇਸਲਾਮ ਧਰਮ ਨਾਲ ਸੰਬੰਧਤ ਹਨ। ਮੁਸਲਮਾਨ ਹੋਣ ਦੇ ਨਾਤੇ ਇਨ੍ਹਾਂ ਲੋਕਾਂ ਦੇ ਧਾਰਮਿਕ ਵਿਸ਼ਵਾਸ ਵੀ ਬਾਕੀ ਮੁਸਲਮਾਨਾਂ ਨਾਲ ਮਿਲਦੇ ਹਨ। ਇਹ ਲੋਕ ਪੈਗੰਬਰ ਇਸਲਾਮ ਹਜਰਤ ਮੁਹੰਮਦ ਨੂੰ ਆਪਣਾ ਨਬੀ (ਪੈਗੰਬਰ) ਮੰਨਦੇ ਹਨ ਅਤੇ ਉਨ੍ਹਾਂ ਦੇ ਰਸਤੇ ਤੇ ਚਲਨਾ ਆਪਣਾ ਧਰਮ ਸਮਝਦੇ ਹਨ। ਔਲੀਆਂ ਕਰਾਮ ਵਿੱਚ ਵੀ ਇਨ੍ਹਾਂ ਲੋਕਾਂ ਦਾ ਪੂਰਾ ਵਿਸ਼ਵਾਸ ਹੈ।

ਗੁੱਜਰ ਕਬੀਲੇ ਦੇ ਲੋਕ ਪੀੜ੍ਹੀ-ਦਰ-ਪੀੜ੍ਹੀ ਜਿਆਰਤਾਂ, ਦਰਗਾਹਾਂ ਅਤੇ ਪੀਰਾਂ-ਫਕੀਰਾਂ ਨੂੰ ਮੰਨਦੇ ਆਏ ਹਨ। ਪੀਰਾਂ ਅਤੇ ਬਜ਼ੁਰਗਾਂ ਦੀ ਬੈਠਕ ਨੂੰ ਜਿਆਰਤ ਮੰਨ ਕੇ ਉੱਥੇ ਚੜਾਵਾ ਚੜਾਣਾ ਇਨ੍ਹਾਂ ਲੋਕਾਂ ਦੇ ਖ਼ੂਨ ਵਿੱਚ ਵਸਿਆ ਹੋਇਆ ਹੈ। ਗੁੱਜਰ ਔਰਤਾਂ ਅਜਿਹੀਆਂ ਥਾਂਵਾਂ ਤੇ ਦੁੱਧ ਚੜਾ ਕੇ ਆਪਣੀਆਂ ਮੱਝਾ ਦੀ ਸਲਾਮਤੀ ਦੇ ਲਈ ਦੁਆ ਮੰਗਦੀਆਂ ਹਨ। ਖਾਨਾਬਦੋਸ਼ ਗੁੱਜਰ ਕਬੀਲੇ ਹਿਜਰਤ ਦੇ ਸਮੇਂ ਉਥੇ ਦੀ ਮੁਕਾਮੀ ਜਿਆਰਤ ਜਾਂ ਬੈਠਕ ਤੇ ਖੀਰ, ਹਲਵਾ ਜਾਂ ਦੁੱਧ ਚੜਾ ਕੇ ਆਪਣੇ ਸਫਰ ਦੀ ਸਲਾਮਤੀ ਲਈ ਦੂਆ ਮੰਗਦੇ ਹਨ ਅਤੇ ਸਹੀ ਸਲਾਮਤ ਅਗਲੇ ਠਿਕਾਨੇ ਤੇ ਪਹੁੰਚਣ ਤੋਂ ਬਾਅਤ ਮੰਨਤ ਕੀਤੀ ਗਈ ਨਿਆਜ ਅਦਾ ਕਰਦੇ ਹਨ।

ਸਿੱਖਿਆ ਦੀ ਕਮੀ ਹੋਣ ਦੇ ਕਾਰਨ ਇਹ ਲੋਕ ਅੰਧ ਵਿਸ਼ਵਾਸ ਤੇ ਕੁਝ ਜਿਆਦਾ ਹੀ ਯਕੀਨ ਰੱਖਦੇ ਹਨ। ਇਥੇ ਇਹ ਕਹਿਣਾ ਸਹੀ ਹੋਵੇਗਾ ਕਿ ਜੰਮੂ-ਕਸ਼ਮੀਰ ਦੇ ਗੁੱਜਰ ਕਬੀਲੇ ਦੇ ਲੋਕ ਜੋ ਕਿ ਸਦੀਆਂ ਪਹਿਲਾਂ ਧਰਮ ਪਰਿਵਰਤਨ ਕਰਕੇ ਹਿੰਦੂ ਧਰਮ ਤੋਂ ਇਸਲਾਮ ਵਿੱਚ ਦਾਖਿਲ ਹੋਏ ਸਨ ਇਸ ਲਈ ਅੰਧ-ਵਿਸ਼ਵਾਸ ਦੀ ਛਾਪ ਇਨ੍ਹਾਂ ਨੂੰ ਹਿੰਦੂ ਧਰਮ ਤੋਂ ਮਿਲੀ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆਂ ਹੈ ਕਿ ਇਹ ਲੋਕ ਵੀ ਆਮ ਮੁਸਲਮਾਨਾਂ ਵਾਂਗ ਔਲੀਆਂ-ਏ-ਕਰਾਮ ਵਿੱਚ ਯਕੀਨ ਰੱਖਦੇ ਹਨ। ਪਰੰਤੂ ਜਿਨ੍ਹਾਂ ਵਲੀਆਂ ਨੂੰ ਜੰਮੂ-ਕਸ਼ਮੀਰ ਵਿੱਚ ਸਭ ਤੋਂ ਜ਼ਿਆਦਾ ਯਾਦ ਕੀਤਾ ਜਾਂਦਾ ਹੈ ਉਨ੍ਹਾਂ ਵਿੱਚੋਂ ਕੁਝ ਖਾਸ ਇਸ ਤਰ੍ਹਾਂ ਹਨ:-

**1. ਹਜ਼ਰਤ ਸ਼ੇਖ ਅਬਦੁਲ ਕਾਦਰੀ ਜਿਲਾਨੀ**

ਹਜ਼ਰਤ ਸ਼ੇਖ ਅਬਦੁਲ ਕਾਦਰੀ ਜਿਲਾਨੀ ਨੂੰ ਗੁੱਜਰ ਕਬੀਲੇ ਦੇ ਲੋਕ ਗਿਆਰਵੀਂ ਵਾਲੇ ਪੀਰ ਦੇ ਤੌਰ ਤੇ ਮੰਨਦੇ ਹਨ। ਉਹਨਾਂ ਦਾ ਵਿਸ਼ਵਾਸ ਹੈ ਕਿ ਜੋ ਵੀ ਕੰਮ ਗਿਆਰਵੀ ਵਾਲੇ ਪੀਰ ਦਾ ਨਾਂ ਲੈ ਕੇ ਕੀਤਾ ਜਾਂਦਾ ਹੈ, ਉਸ ਵਿੱਚ ਕਾਮਯਾਬੀ ਹੀ ਕਾਮਯਾਬੀ ਮਿਲਦੀ ਹੈ। ਬਹੁਤ ਸਾਰੇ ਗੁੱਜਰ ਘਰਾਂ ਵਿੱਚ ਹਰ ਚੰਨ ਦੀ ਗਿਆਰਾ ਤਾਰੀਖ ਨੂੰ ਉਰਸ (ਭੰਡਾਰਾ) ਅਤੇ ਨਿਆਜ ਦਾ ਇੰਤਜਾਮ ਕੀਤਾ ਜਾਂਦਾ ਹੈ ਅਤੇ ਸਾਲ ਵਿੱਚ ਇਕ ਵਾਰ ਚੰਨ ਦੀ ਗਿਆਰਾ ਤਾਰੀਖ ਨੂੰ ਵੱਡਾ ਭੰਡਾਰਾ ਕੀਤਾ ਜਾਂਦਾ ਹੈ। ਵੈਸੇ ਵੀ ਜ਼ਿਆਦਾਤਰ ਗੁੱਜਰ ਆਪਣੀ ਫਸਲ ਦਾ ਗਿਆਰਵਾਂ ਹਿੱਸਾ ਗਿਆਰਵੀਂ ਵਾਲੇ ਪੀਰ ਦੇ ਨਾਂ ਤੇ ਕੱਢਦੇ ਹਨ। ਅਤੇ ਇਸ ਗਿਆਰਵੇ ਹਿੱਸੇ ਦਾ ਨਿਆਜ ਪਕਾ ਕੇ ਲੋਕਾਂ ਵਿੱਚ ਵੰਡਿਆਂ ਜਾਂਦਾ ਹੈ। ਜਾਂ ਫਿਰ ਸੱਯਦ ਬਿਰਾਦਰੀ ਦੇ ਨਾਲ ਸੰਬੰਧ ਰੱਖਣ ਵਾਲੇ ਕਿਸੇ ਗੁੱਜਰ ਨੂੰ ਨਿਆਜ ਦੇ ਦਿੱਤੀ ਜਾਂਦੀ ਹੈ। ਇਸ ਪਿੱਛੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗਿਆਰਵੀ ਵਾਲੇ ਪੀਰ ਖੁਦ ਸੱਯਦ ਸਨ ਅਤੇ ਕਿਸੇ ਸਯੱਦ ਗੁੱਜਰ ਨੂੰ ਨਿਆਜ ਦੇਣ ਨਾਲ ਉਹ ਬਹੁਤ ਖੁਸ਼ ਹੁੰਦੇ ਹਨ। ਹਰ ਮੁਸੀਬਤ, ਤੰਗੀ ਜਾਂ ਤਕਲੀਫ਼ ਵਿੱਚ ਗਿਆਰਵੀ ਵਾਲੇ ਪੀਰ ਨੂੰ ਹੀ ਯਾਦ ਕੀਤਾ ਜਾਂਦਾ ਹੈ ਅਤੇ ਉਸ ਅੱਗੇ ਮੰਨਤ ਮੰਗੀ ਜਾਂਦੀ ਹੈ ਅਤੇ ਉਸ ਮੁਸੀਬਤ, ਤੰਗੀ ਜਾਂ ਤਕਲੀਫ ਤੋਂ ਆਰਾਮ ਮਿਲਣ ਤੇ ਪੂਰੇ ਇੰਤਜਾਮ ਨਾਲ ਮੰਨਤ ਦੀ ਅਦਾਇਗੀ ਕੀਤੀ ਜਾਂਦੀ ਹੈ।

**2. ਬਾਬਾ ਅਜਮੇਰੀ ਖਿਆਜ ਮਯੂਨਉੱਦੀਨ ਚਿਸ਼ਤੀ**

ਬਾਕੀ ਮੁਸਲਮਾਨਾਂ ਵਾਂਗ ਗੁੱਜਰ ਵੀ ਬਾਬਾ ਅਜਮੇਰੀ ਖਿਆਜ ਮਯੂਨਉੱਦੀਨ ਚਿਸ਼ਤੀ ਤੇ ਵੀ ਪੂਰਾ ਵਿਸ਼ਵਾਸ ਰੱਖਦੇ ਹਨ। ਉਸ ਨੂੰ ਗਰੀਬ ਨਿਵਾਜ ਅਜਮੇਰੀ ਦੇ ਤੌਰ ਤੇ ਵੀ ਮੰਨਦੇ ਹਨ। ਬਹੁਤ ਵੱਡੀ ਸੰਖਿਆ ਵਿੱਚ ਇਹ ਲੋਕ ਅਜਮੇਰ ਸ਼ਰੀਫ਼ ਜਾਂਦੇ ਹਨ ਅਤੇ ਉੱਥੇ ਜਾ ਕੇ ਬਾਬਾ ਜੀ ਤੋਂ ਆਪਣੀ ਮੁਰਾਦ ਮੰਗਦੇ ਹਨ। ਆਪਣੀ ਹਰ ਨਿਆਜ ਵਿੱਚ ਇਹ ਲੋਕ ਆਪਣੇ ਪੈਗੰਬਰ ਅਤੇ ਬਾਕੀ ਔਲੀਆ ਦੇ ਨਾਲ-ਨਾਲ ਖਿਆਜਾ ਗਰੀਬ ਨਿਵਾਜ ਨੂੰ ਵੀ ਆਪਣੀ ਦੁਵਾਵਾਂ ਦੀ ਕਬੂਲੀਅਤ ਦੇ ਲਈ ਵਸੀਲਾ ਮੰਨਦੇ ਹਨ। ਧਾਰਮਿਕ ਥਾਂਵਾਂ ਤੋਂ ਨਿਆਜ ਦਾ ਪ੍ਰਬੰਧ ਕਰਕੇ ਖਾਸੂਸੀ ਤੌਰ 'ਤੇ ਖਿਆਜਾ ਗਰੀਬ ਨਿਵਾਜ ਦੇ ਦਰਬਾਰ ਤੇ ਭੇਜਿਆ ਜਾਂਦਾ ਹੈ ਅਤੇ ਖਾਸ ਕਰ ਭੰਡਾਰੇ 'ਤੇ ਵੱਡੀ ਸੰਖਿਆ ਵਿੱਚ ਜੰਮੂ-ਕਸ਼ਮੀਰ ਦੇ ਗੁੱਜਰ ਬਾਕੀ ਲੋਕਾਂ ਵਾਂਗ ਬਾਬਾ ਦੇ ਦਰਬਾਰ ਤੇ ਹਾਜਰੀ ਭਰਦੇ ਹਨ।

**3. ਬਾਬਾ ਹਜ਼ਰਤ ਗੁਲਾਮ ਸ਼ਾਹ ਬਾਦਸ਼ਾਹ**

ਰਿਆਸਤ ਜੰਮੂ-ਕਸ਼ਮੀਰ ਵਿੱਚ ਸ਼ਹਾਦਰਾ ਸ਼ਰੀਫ ਦੇ ਬਾਬਾ ਹਜ਼ਰਤ ਗੁਲਾਮ ਸ਼ਾਹ ਬਾਦਸ਼ਾਹ ਨੂੰ ਔਲੀਆ-ਏ-ਕਰਾਮ ਵਿੱਚ ਪਹਿਲੇ ਨੰਬਰ ਦਾ ਵਲੀ ਮੰਨਿਆ ਜਾਂਦਾ ਹੈ। ਗੁੱਜਰ ਲੋਕ ਅਕਸਰ ਬਾਬਾ ਦੇ ਦਰਬਾਰ ਵਿੱਚ ਹਾਜ਼ਿਰ ਰਹਿੰਦੇ ਹਨ ਅਤੇ ਨਿਆਜ ਤੇ ਚੜਾਵਾ ਪੇਸ਼ ਕਰਦੇ ਹਨ। ਜ਼ਿਆਦਾ ਮਾਤਰਾ ਵਿੱਚ ਭੇਡ-ਬਕਰੀਆਂ ਆਦਿ ਬਾਬਾ ਦੇ ਦਰਬਾਰ ਤੇ ਇਹੀ ਗੁੱਜਰ ਬੱਕਰਵਾਲ ਲੋਕ ਪੇਸ਼ ਕਰਦੇ ਹਨ। ਕਿਸੇ ਕੰਮ ਦੇ ਲਈ ਮੰਨਤ ਦੇ ਤੌਰ 'ਤੇ ਚੁਣੇ ਹੋਏ ਜਾਨਵਰ ਨੂੰ ਕੰਮ ਪੂਰਾ ਹੋਣ 'ਤੇ ਇਥੇ ਚੜਾਉਂਦੇ ਹਨ। ਕਿਉਂਕਿ ਇਨ੍ਹਾਂ ਲੋਕਾਂ ਦਾ ਪੇਸ਼ਾ ਜਿਆਦਾਤਰ ਮਾਲ-ਮਵੇਸ਼ੀ ਪਾਲਨਾ ਹੈ ਅਤੇ ਇਸ ਦੌਰਾਨ ਇਨ੍ਹਾਂ ਨੂੰ ਵੱਖ-ਵੱਖ ਮੁਸੀਬਤਾਂ ਅਤੇ ਮੁਸ਼ਕਲਾਂ ਵਿੱਚੋਂ ਗੁਜਰਨਾ ਪੈਂਦਾ ਹੈ। ਜਿਵੇਂ ਭੇਡ-ਬਕਰੀਆਂ ਨੂੰ ਗਰਮੀਆਂ ਦੇ ਦੌਰਾਨ ਵਾਦੀ ਕਸ਼ਮੀਰ ਦੇ ਉੱਚੇ ਪਹਾੜਾਂ ਵੱਲ ਲੈ ਜਾਂਦੇ ਸਮੇਂ ਜਦੋਂ ਪੀਰ-ਪੰਜਾਲ ਦੀ ਹਨੇਰੀ ਤੂਫਾਨ ਤੋਂ ਗੁਜਰਨਾ ਪੈਂਦਾ ਹੈ ਅਤੇ ਪੀਰ-ਪੰਜਾਲ ਦੀ ਉੱਚੀ ਪਹਾੜੀਆਂ ਵਿੱਚ ਰਹਿਣ ਜੰਗਲੀ ਜਾਨਵਰ ਤੋਂ ਆਪਣੇ ਮਾਲ-ਮਵੇਸ਼ੀ ਨੂੰ ਬਚਾਉਣ ਲਈ ਪਹਿਰਾ ਦੇਣਾ ਪੈਂਦਾ ਹੈ। ਉਸ ਸਮੇਂ ਆਪਣੇ ਜਾਨਵਰਾਂ ਵਿੱਚੋਂ ਕੋਈ ਇੱਕ ਜਾਨਵਰ ਖਾਸ ਕਰਕੇ ਬਾਬਾ ਗੁਲਾਮ ਸ਼ਾਹ ਬਾਦਸ਼ਾਹ ਦੇ ਦਰਬਾਰ ਤੇ ਮੰਨਤ ਕੀਤਾ ਜਾਂਦਾ ਹੈ ਅਤੇ ਪਹਾੜਾਂ ਤੇ ਜੰਗਲਾਂ ਤੋਂ ਵਾਪਿਸ ਆਉਂਦੇ ਹੀ ਆਪਣੇ ਮਾਲ-ਮਵੇਸ਼ੀ ਦੀ ਸਲਾਮਤੀ ਤੇ ਉਹ ਮੰਨਤ ਕੀਤਾ ਗਿਆ ਜਾਨਵਰ ਬਾਬਾ ਦੇ ਦਰਬਾਰ ਤੇ ਚੜਾਇਆ ਜਾਂਦਾ ਹੈ।

ਬਾਬਾ ਗੁਲਾਮ ਸ਼ਾਹ ਨੂੰ ਬੜਾ ਕਰਾਮਤੀ ਪੀਰ ਮੰਨਿਆ ਜਾਂਦਾ ਹੈ। ਗੁੱਜਰਾਂ ਵਿੱਚ ਗੁਲਾਮ ਸ਼ਾਹ ਬਾਦਸ਼ਾਹ ਨਾਲ ਸੰਬੰਧਤ ਕਈ ਦੰਤ-ਕਥਾਵਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿੱਚੋਂ ਤਿੰਨ ਦਾ ਸੰਖੇਪ ਸਾਰ ਇਸ ਤਰ੍ਹਾਂ ਹੈ:-

"ਬਚਪਨ ਵਿੱਚ ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਬੱਕਰੀਆਂ ਚਰਾਉਣ ਭੇਜਿਆ। ਇਹ ਉੱਥੇ ਜਮੀਨ ਤੇ ਸੋ ਗਏ। ਇਨ੍ਹਾਂ ਦੀ ਬਕਰੀਆਂ ਨੇ ਕਿਸੇ ਦੇ ਖੇਤ 'ਚੋਂ ਘਾਹ ਖਾ ਲਈ। ਕਿਸਾਨ ਨੇ ਇਨ੍ਹਾਂ ਦੇ ਪਿਤਾ ਨੂੰ ਸ਼ਿਕਾਇਤ ਲਗਾਈ। ਪਿਤਾ ਨੇ ਜਦੋਂ ਬਾਬਾ ਜੀ ਕੋਲੋ ਕਿਸਾਨ ਦੇ ਖੇਤ ਵਿਚ ਹੋਏ ਨੁਕਸਾਨ ਬਾਰੇ ਪੁੱਛਿਆ ਤਾਂ ਬਾਬਾ ਜੀ ਨੇ ਕਿਹਾ ਕਿ ਕਿਸਾਨ ਦਾ ਕੋਈ ਨੁਕਸਾਨ ਨਹੀ ਹੋਇਆ ਹੈ। ਜਿਸਦਾ ਕਿਸਾਨ ਨੇ ਵਿਰੋਧ ਕੀਤਾ । ਬਾਬਾ ਜੀ ਨੇ ਆਪਣੇ ਪਿਤਾ ਅਤੇ ਕਿਸਾਨ ਨੂੰ ਖੇਤ ਵਿੱਚ ਚੱਲਣ ਲਈ ਕਿਹਾ। ਜਦੋਂ ਉਹ ਖੇਤ ਵਿੱਚ ਪਹੁੰਚੇ ਤਾਂ ਉਥੇ ਕੋਈ ਨੁਕਸਾਨ ਨਹੀ ਸੀ ਹੋਇਆ। ਇਸ ਘਟਨਾ ਨਾਲ ਦੂਰ-ਦੂਰ ਤੱਕ ਬਾਬਾ ਜੀ ਦੀ ਬਹੁਤ ਮਸ਼ਹੂਰ ਹੋਈ।"[6]

"ਬਾਬਾ ਜੀ ਇਕ ਦਿਨ ਲੋਟਾ ਲੈ ਕੇ ਕਿਸੇ ਦੇ ਘਰ ਖਾਣ-ਪੀਣ ਦੀ ਚੀਜ ਮੰਗਣ ਲਈ ਗਏ। ਉਸ ਘਰ ਦੀ ਔਰਤ ਨੇ ਬਾਬਾ ਜੀ ਦੇ ਲੋਟੇ ਵਿੱਚ ਮੱਖਣ ਦਾ ਬਹੁਤ ਵੱਡਾ ਪੇੜਾ ਰੱਖ ਦਿੱਤਾ। ਬਾਬਾ ਜੀ ਬਹੁਤ ਖੁਸ਼ ਹੋਏ। ਔਰਤ ਨੇ ਕਿਹਾ ਕਿ ਬਾਬਾ ਜੀ ਤੁਸੀਂ ਜਲਦੀ ਜਾਓ, ਜੇਕਰ ਮੇਰੀ ਸੱਸ ਨੇ ਤੁਹਾਨੂੰ ਮੱਖਣ ਦਿੰਦੀ ਦੇਖ ਲਿਆ ਤਾਂ ਉਹ ਮੈਨੂੰ ਬਹੁਤ ਗਾਲਾਂ ਕੱਢੇਗੀ ਅਤੇ ਤੁਹਾਨੂੰ ਵੀ ਬੁਰਾ-ਭਲਾ ਕਹੇਗੀ। ਬਾਬਾ ਜੀ ਨੇ ਕਿਹਾ ਕਿ ਜੇਕਰ ਤੇਰੀ ਸੱਸ ਇਤਨੀ ਬੁਰੀ ਹੈ ਤਾਂ ਉਸਨੂੰ ਇੱਥੇ ਰਹਿਣਾ ਹੀ ਨਹੀ ਚਾਹੀਦਾ। ਇਹ ਕਹਿ ਕੇ ਬਾਬਾ ਜੀ ਉੱਥੋਂ ਚਲੇ ਗਏ। ਔਸੇ ਦਿਨ ਦੋ ਘੰਟਿਆਂ ਦੇ ਅੰਦਰ-ਅੰਦਰ ਉਸ ਔਰਤ ਦੀ ਸੱਸ ਦੀ ਮੌਤ ਹੋ ਗਈ।" [7]

"ਸੂਬਾ ਜੰਮੂ ਦੇ ਜ਼ਿਲ੍ਹਾ ਪੁੰਛ ਦੇ ਬਲਾਕ ਸੁਰਨਕੋਟ ਵਿੱਚ ਲਸਾਨਾ ਇਲਾਕੇ ਵਿੱਚ ਦਰਿਆ ਦੇ ਕਿਨਾਰੇ ਤਕੀਆ ਸ਼ਰੀਫ ਵਿੱਚ ਬਾਬਾ ਗੁਲਾਮ ਸ਼ਾਹ ਬਾਦਸ਼ਾਹ ਰਹਿੰਦੇ ਸਨ। ਇਕ ਵਾਰੀ ਦਰਿਆ ਵਿੱਚ ਹੜ ਆ ਗਿਆ ਅਤੇ ਆਸ-ਪਾਸ ਦੇ ਇਲਾਕੇ ਦੇ ਕਈ ਘਰ ਹੜ ਦੀ ਚਪੇਟ ਵਿੱਚ ਆ ਗਏ ਕਿਉਂਕਿ ਹੜ ਦੀ ਗਤੀ ਬਹੁਤ ਤੇਜ ਸੀ। ਲੋਕਾਂ ਨੇ ਸੋਚਿਆ ਕਿ ਬਾਬਾ ਜੀ ਤਾਂ ਦਰਿਆ ਦੇ ਕਿਨਾਰੇ ਰਹਿੰਦੇ ਹਨ ਹੋ ਸਕਦਾ ਹੈ ਉਹ ਵੀ ਹੜ ਦੀ ਚਪੇਟ ਵਿੱਚ ਆ ਗਏ ਹੋਣ। ਇਹ ਸੋਚ ਕੇ ਲੋਕਾਂ ਦੀ ਭੀੜ ਹੜ ਦੇ ਥਮ ਜਾਣ 'ਤੇ ਦਰਿਆ ਕਿਨਾਰੇ ਬਾਬਾ ਜੀ ਨੂੰ ਵੇਖਣ ਪਹੁੰਚੀ। ਇਹ ਦੇਖ ਕੇ ਸਭ ਹੈਰਾਨ ਸਨ ਕਿ ਬਾਬਾ ਜੀ ਵਾਲੀ ਥਾਂ ਤੇ ਪੱਥਰਾਂ ਦਾ ਬਹੁਤ ਵੱਡਾ ਢੇਰ ਲਗਿਆ ਹੋਇਆ ਹੈ ਅਤੇ ਪੱਥਰਾ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਜਦੋਂ ਸਾਰਿਆ ਨੇ ਪੱਥਰਾਂ ਦੇ ਢੇਰ ਨੂੰ ਹਟਾਇਆ ਤਾਂ ਸਾਰਿਆਂ ਨੇ ਦੰਦਾਂ ਥੱਲੇ ਉਂਗਲ ਦਬ ਲਈ ਕਿਉਂਕਿ ਬਾਬਾ ਜੀ ਪੱਥਰਾਂ ਦੇ ਢੇਰ ਹੇਠਾਂ ਬੈਠ ਕੇ ਅੱਗ ਬਾਲ ਕੇ ਹੱਥ ਸੇਕ ਰਹੇ ਸਨ ਅਤੇ ਉਨ੍ਹਾਂ ਦੇ ਸ਼ਰੀਰ ਤੇ ਇਕ ਚਰੀਟ ਵੀ ਨਹੀਂ ਸੀ ਲੱਗੀ।" [8]

ਸਚਮੁੱਚ ਬਾਬਾ ਗੁਲਾਮ ਸ਼ਾਹ ਬਾਦਸ਼ਾਹ ਬਹੁਤ ਕਰਾਮਾਤੀ ਸਨ ਅਤੇ ਉਨ੍ਹਾਂ ਦੀਆਂ ਕਰਾਮਾਤਾਂ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ। ਬਾਬਾ ਜੀ ਦੀ ਭਵਿੱਖ ਵਾਣੀ ਵੀ ਹਮਸ਼ਾ ਸੱਚ ਹੋ ਨਿਬੜਦੀ ਸੀ। ਕਿਉਂਕਿ ਇਨ੍ਹਾਂ ਨੇ ਭਵਿੱਖ ਵਾਈ ਕੀਤੀ ਸੀ ਕਿ ਗੁਲਾਬ ਸਿੰਘ ਜੰਮੂ-ਕਸ਼ਮੀਰ ਦਾ ਮਹਾਰਾਜ ਬਣੇਗਾ। ਜਦਕਿ ਉਸ ਸਮੇਂ ਗੁਲਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਇਕ ਮਾਮੂਲੀ ਜਿਹਾ ਸਿਪਾਹੀ ਸੀ ਅਤੇ ਬਾਬਾ ਜੀ ਦਾ ਬਹੁਤ ਵੱਡਾ ਭਗਤ ਸੀ। ਉਨ੍ਹਾਂ ਦਾ ਕਿਹਾ ਸੱਚ ਨਿਕਲਿਆ ਗੁਲਾਬ ਸਿੰਘ ਰਿਆਸਤ ਜੰਮੂ-ਕਸ਼ਮੀਰ ਦਾ ਮਹਾਰਾਜ ਬਣਿਆ। ਬਾਬਾ ਜੀ ਨੇ ਆਪਣਾ ਮਕਬਰਾ ਜੀਉਂਦੇ ਜੀਅ ਬਣਵਾਇਆ ਸੀ। ਇਨ੍ਹਾਂ ਦੀ ਮੌਤ 1156 ਹਿਜਰੀ ਵਿੱਚ ਹੋਈ ਅਤੇ ਇਨ੍ਹਾਂ ਨੂੰ ਔਸੇ ਮਕਬਰੇ ਵਿੱਚ ਦਫਨਾਇਆ ਗਿਆ ਸੀ। ਇਸ ਤਰ੍ਹਾਂ ਰਿਆਸਤ ਜੰਮੂ-ਕਸ਼ਮੀਰ ਦੇ ਬਾਕੀ ਲੋਕਾਂ ਵਾਂਗ ਗੁੱਜਰ-ਬੱਕਰਵਾਲੀ ਦਾ ਵੀ ਹਜ਼ਰਤ ਬਾਬਾ ਗੁਲਾਮ ਸ਼ਾਹ ਬਾਦਸ਼ਾਹ ਦੀ ਕਰਾਮਾਤਾਂ ਤੇ ਕਾਫ਼ੀ ਵਿਸ਼ਵਾਸ ਅਤੇ ਯਕੀਨ ਹੈ ਅਤੇ ਬਾਬਾ ਜੀ ਨਾਲ ਗੁੱਜਰ ਕਬੀਲੇ ਦੀ ਸ਼ਰਧਾ ਅਤੇ ਆਸਥਾ ਜੁੜੀ ਹੋਈ ਹੈ।

**4. ਹਜ਼ਰਤ ਬਾਬਾ ਜੀ ਸਾਹਿਬ ਲਾਰਵੀ**

ਸੂਬਾ ਕਸ਼ਮੀਰ ਦੇ ਤਹਿਸੀਲ ਕੰਗਨ ਵਿੱਚ ਇਕ ਬਹੁਤ ਵੱਡਾ ਦਰਬਾਰ ਹੈ, ਜੋ ਬਾਬਾ ਜੀ ਲਾਰਵੀ ਤੋਂ ਸ਼ੁਰੂ ਹੋਇਆ ਹੈ। ਆਪ ਦਾ ਅਸਲੀ ਨਾਂ ਅਬਦੁੱਲਾ ਹੈ। ਲੇਕਿਨ ਲੋਕ ਆਪ ਨੂੰ ਬਾਬਾ ਜੀ ਲਾਰਵੀ ਦੇ ਨਾਂ ਤੋਂ ਜਾਣਦੇ ਹਨ। ਬਾਬਾ ਜੀ ਲਾਰਵੀ ਗੁੱਜਰ ਬਿਰਾਦਰੀ ਦੇ ਬਜਰਾਨ ਤਬਕੇ ਤੋਂ ਸੰਬੰਧਤ ਹਨ ਅਤੇ ਵਲਾਇਤ ਵਿੱਚ ਆਪ ਦੀ ਬਹੁਤੀ ਮਸ਼ਹੂਰੀ ਹੈ। ਬਾਬਾ ਜੀ ਦੇ ਬੇਟੇ ਮੀਆਂ ਨਿਜਾਮੁੱਦੀਨ ਵੀ ਇਕ ਬਹੁਤ ਵਲੀ ਹਨ ਅਤੇ ਅੱਗੋਂ ਉਨ੍ਹਾਂ ਦੇ ਬੇਟੇ ਮਤਲਬ ਬਾਬਾ ਜੀ ਸਾਹਿਬ ਦੇ ਪੋਤੇ ਅਤੇ ਇਸ ਸਮੇ ਦੇ ਗੱਦੀ ਨਸ਼ੀਨ ਮੀਆਂ ਬਸ਼ੀਰ ਅਹਿਮਦ ਲਾਰਵੀ ਵੀ ਹਿੰਦੁਸਤਾਨ ਦੇ ਨਾਲ-ਨਾਲ ਵਲਾਇਤ ਵਿੱਚ ਵੀ ਬਹੁਤ ਮਸ਼ਹੂਰ ਹਨ।

ਰਿਆਸਤ ਦੀ ਸਿਆਸਤ ਵਿੱਚ ਵੀ ਇਨ੍ਹਾਂ ਦਾ ਬਹੁਤ ਵੱਡਾ ਰੋਲ ਹੈ ਅਤੇ ਵਕਤੀ ਹਕੂਮਤ ਵਿੱਚ ਮੀਆਂ ਬਸ਼ੀਰ ਅਹਿਮਦ ਦੇ ਸਹਿਬਜਾਦੇ ਵਜੀਰੇ ਜੰਗਲਾਤ ਦੇ ਤੌਰ 'ਤੇ ਹਨ। ਰਿਆਸਤੀ ਆਵਾਮ ਅਤੇ ਖਾਸ ਕਰਕੇ ਗੁੱਜਰ-ਬੱਕਰਵਾਲ ਤਬਕੇ ‘ਤੇ ਇਸ ਗੱਦੀ ਦਾ ਕਾਫ਼ੀ ਅਸਰ ਹੈ। ਹਰ ਸਮੇਂ ਲਾਰਵੀ ਦੇ ਦਰਬਾਰ ਵਿੱਚ ਇਸ ਤਬਕੇ ਦੀ ਭੀੜ ਲੱਗੀ ਰਹਿੰਦੀ ਹੈ। ਦਰਬਾਰ ਤੇ ਹਰ ਸਾਲ ਜੇਠ ਦੀ 26 ਤਾਰੀਖ ਨੂੰ ਭੰਡਾਰਾ ਕੀਤਾ ਜਾਂਦਾ ਹੈ ਅਤੇ ਲੱਖਾਂ ਦੀ ਸੰਖਿਆ ਵਿੱਚ ਬਾਕੀ ਲੋਕਾਂ ਦੇ ਨਾਲ ਗੁੱਜਰ ਤਬਕਾ ਵੀ ਸ਼ਾਮਿਲ ਹੁੰਦਾ ਹੈ। ਗੁੱਜਰਾਂ ਦੇ ਵਿਸ਼ਵਾਸ ਦੇ ਮੁਤਾਬਿਕ ਇੱਥੇ ਭੰਡਾਰੇ ਦੇ ਦੌਰਾਨ ਆਪਣੇ ਮਾਲ-ਮਵੇਸ਼ੀਆਂ ਵਿੱਚੋਂ ਕੁਝ ਹਿੱਸਾ ਦਰਬਾਰ ਵਿੱਚ ਪੇਸ਼ ਕੀਤਾ ਜਾਂਦਾ ਹੈ। ਕਿਉਂਕਿ ਉਹ ਇਸਨੂੰ ਪੂਰੇ ਸਾਲ ਦੇ ਲਈ ਆਪਣੀ ਅਤੇ ਆਪਣੇ ਮਾਲ-ਮਵੇਸ਼ੀਆਂ ਦੀ ਜਾਨ ਦੀ ਹਿਫਾਜਤ ਦਾ ਵਸੀਲਾ ਮੰਨਦੇ ਹਨ।

**5. ਹਜ਼ਰਤ ਸਯੱਦ ਗੁਲਾਮ ਸ਼ਾਹ ਸਾਹਿਬ**

ਹਜ਼ਰਤ ਸੱਯਦ ਗੁਲਾਮ ਰਸੂਲ ਸ਼ਾਹ ਸਾਹਿਬ ਜੋ ਕਿ ਨਾਂਗਾ ਬਾਜੀ ਦੇ ਨਾਂ ਤੋਂ ਮਸ਼ਹੂਰ ਹਨ। ਗੁੱਜਰ ਕਬੀਲੇ ਵਿੱਚ ਇਨ੍ਹਾਂ ਨੂੰ ਬੜੇ ਵਿਸ਼ਵਾਸ ਨਾਲ ਮੰਨਿਆਂ ਜਾਂਦਾ ਹੈ। ਹਜ਼ਰਤ ਨਾਂਗਾ ਬਾਜੀ ਸਾਹਿਬ ਦਾ ਮਜਾਰ ਸੂਬਾ ਕਸ਼ਮੀਰ ਦੇ ਬਾਂਡੀਪੂਰੇ ਇਲਾਕੇ ਦੇ ਮਲਨ ਪਿੰਡ ਵਿੱਚ ਹੈ। ਲੇਕਿਨ ਇਨ੍ਹਾਂ ਨੂੰ ਮੰਨਣ ਵਾਲੇ ਰਿਆਸਤ ਜੰਮੂ-ਕਸ਼ਮੀਰ ਦੇ ਕੋਨੇ-ਕੋਨੇ ਵਿੱਚ ਹਨ। ਬਹੁਤ ਸਾਰੇ ਗੁੱਜਰ ਇਨ੍ਹਾਂ ਦੇ ਚੇਲੇ ਬਣੇ ਹੋਏ ਹਨ। ਜਿਨ੍ਹਾਂ ਵਿਚੋਂ ਹਜ਼ਰਤ ਸਾਈਂ ਫੱਕਰਦੀਨ ਦਾ ਕਾਬਿਲੇ ਜ਼ਿਕਰ ਹੈ, ਜੋ ਗੁੱਜਰ ਬਿਰਾਦਰੀ ਤੋਂ ਹਨ ਅਤੇ ਬਹੁਤ ਵੱਡੇ ਵਲੀ ਵੀ ਮੰਨੇ ਜਾਂਦੇ ਹਨ। ਹਜ਼ਰਤ ਨਾਂਗਾ ਬਾਜਰੀ ਦੀ ਗੁੱਜਰ ਕਬੀਲੇ ਤੇ ਅਸਰੋ-ਰਸੂਖ ਦੀ ਇਕ ਹੋਰ ਮਿਸਾਲ ਕਾਲਾਕੋਟ ਦੇ ਭਰੇਵੀ ਪਿੰਡ ਤੋਂ ਮਿਲਦੀ ਹੈ ਜਿੱਥੇ ਆਪ ਦੇ ਪੋਤੇ ਬਾਜੀ ਮੁਜੱਫਰ ਨੇ ਆਵਾਸ ਕਾਇਮ ਕਰ ਰਖਿਆ ਹੈ ਅਤੇ ਇਕ ਬਹੁਤ ਵੱਡਾ ਦਰਬਾਰ ਕਾਇਮ ਕੀਤਾ ਹੈ। ਇਸ ਥਾਂ ਤੋਂ ਜ਼ਿਆਦਾਤਰ ਆਬਾਦੀ ਗੁੱਜਰ ਕਬੀਲੇ ਦੀ ਹੈ ਅਤੇ ਇਸ ਲਈ ਇੱਥੇ ਨਾਂਗਾ ਬਾਜੀ ਨੂੰ ਮੰਨਣ ਵਾਲੇ ਗੁੱਜਰਾਂ ਦੀ ਭੀੜ ਲੱਗੀ ਰਹਿੰਦੀ ਹੈ।

**6. ਹਜ਼ਰਤ ਸਾਈਂ ਮੀਰਾ ਬਖਸ਼**

ਸੂਬਾ ਜੰਮੂ ਦੇ ਜ਼ਿਲਾ ਪੁੰਛ ਦੇ ਗੌਤਰੀਆਂ ਨਾਂ ਦੇ ਇਲਾਕੇ ਵਿੱਚ ਹਜ਼ਰਤ ਸਾਈਂ ਮੀਰਾ ਬਖਸ਼ ਦੀ ਮਜ਼ਾਰ ‘ਤੇ ਵੀ ਗੁੱਜਰ ਕਬੀਲੇ ਦੇ ਲੋਕਾਂ ਦਾ ਆਣਾ-ਜਾਣਾ ਲੱਗਿਆ ਰਹਿੰਦਾ ਹੈ। ਹਜ਼ਰਤ ਬਖਸ਼ ਨੂੰ ਸਾਈਂ ਬਾਬਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਆਪ ਖੁਦ ਗੁੱਜਰ ਤਬਕੇ ਨਾਲ ਸੰਬੰਧਤ ਹਨ ਅਤੇ ਆਪ ਦੀਆਂ ਕਰਾਮਾਤਾਂ ਨੂੰ ਹਰ ਗੁੱਜਰ ਮੰਨਦਾ ਹੈ ਅਤੇ ਮਜਾਰ 'ਤੇ ਹਾਜ਼ਰੀ ਦੇਣ ਵਾਲਿਆ ਵਿੱਚ ਗੁੱਜਰ ਕਬੀਲੇ ਦੇ ਨਾਲ-ਨਾਲ ਬਾਕੀ ਲੋਕ ਵੀ ਹੁੰਦੇ ਹਨ। ਪਰੰਤੂ ਜ਼ਿਆਦਾ ਸੰਖਿਆ ਗੁੱਜਰ ਲੋਕਾਂ ਦੀ ਹੀ ਹੁੰਦੀ ਹੈ, ਕਿਉਂਕਿ ਪੇਸ਼ੇ ਦੇ ਲਿਹਾਜ ਨਾਲ ਕਿਸੇ ਵੀ ਕੁਦਰਤੀ ਆਫਤ ਜਾਂ ਮੁਸੀਬਤ ਨਾਲ ਸਭ ਤੋਂ ਜ਼ਿਆਦਾ ਇਹ ਲੋਕ ਹੀ ਪਰੇਸ਼ਾਨ ਹੁੰਦੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਸਾਈਂ ਬਾਬਾ ਇਨ੍ਹਾਂ ਕੁਦਰਤੀ ਆਫਤਾਂ ਜਾਂ ਮੁਸੀਬਤਾਂ ਤੋਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਲ-ਮਵੇਸ਼ੀਆਂ ਨੂੰ ਸੁਰਖਿਅਤ ਰੱਖ ਸਕਦੇ ਹਨ।

**7. ਮੀਆਂ ਮੁਹੰਮਦ ਬਖਸ਼**

ਰਿਆਸਤ ਜੰਮੂ-ਕਸ਼ਮੀਰ ਦੇ ਗੁੱਜਰ ਤਬਕੇ ਵਿੱਚ ਸੈਫ਼ਲ ਮਲੂਕ ਨੂੰ ਬੜੇ ਸ਼ੌਕ ਨਾਲ ਪੜ੍ਹਾਇਆ ਜਾਂਦਾ ਹੈ ਹੁਣ ਤੱਕ ਦੇ ਸਾਹਿਤਕਾਰ ਇਹ ਨਤੀਜਾ ਕੱਢਣ ਵਿੱਚ ਨਾਕਾਮਯਾਬ ਰਹੇ ਹਨ ਕਿ ਸੈਫ਼ਲ-ਮਲੂਕ ਜਿਸਦਾ ਪੂਰਾ ਨਾਂ ‘ਸੈਫਲ-ਉੱਲ-ਮਲੂਕ ਬੱਦੀ-ਉੱਲ-ਜਮਾਲ' ਹੈ ਕੋਈ ਮਸਨਵੀ ਜਾਂ ਕਿਸੇ ਹਕੀਕਤ ਤੇ ਬਣੀ ਕੋਈ ਦਾਸਤਾਨ ਹੈ। ਇਸਨੂੰ ਲਿਖਣ ਵਾਲੇ ਮੀਆਂ ਮੁਹੰਮਦ ਬਖਸ਼, ਜੋ ਕਿ ਗੁੱਜਰ ਬਿਰਾਦਰੀ ਨਾਲ ਸੰਬੰਧਤ ਹਨ, ਨੂੰ ਗੁੱਜਰ ਕਬੀਲੇ ਦਾ ਵਲੀ ਮੰਨਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਕਿਸੇ ਰੂਹਾਨੀ ਤਾਕਤ ਦੇ ਬਗੈਰ ਇੰਨੀ ਵੱਡੀ ਨਸੀਹਤਾਂ ਨਾਲ ਭਰੀ ਕਿਤਾਬ ਨਹੀਂ ਲਿਖੀ ਜਾ ਸਕਦੀ ਅਤੇ ਸੈਫ਼ਲ ਮੁਲਕ ਤੋਂ ਬਗੈਰ ਕੋਈ ਅਜਿਹੀ ਦੂਜੀ ਕਿਤਾਬ ਦੀ ਮਿਸਾਲ ਮੌਜੂਦ ਵੀ ਨਹੀਂ ਹੈ। ਭਾਵੇਂ ਇਹ ਕਿਤਾਬ ਪੰਜਾਬੀ ਵਿੱਚ ਲਿਖੀ ਗਈ ਹੈ ਪਰੰਤੂ ਰਿਆਸਤ ਜੰਮੂ-ਕਸ਼ਮੀਰ ਵਿੱਚ ਇਸਦੀ ਮਕਬੂਲੀਅਤ ਗੋਜਰੀ ਬੋਲਣ ਵਾਲਿਆਂ ਵਿੱਚ ਜ਼ਿਆਦਾ ਹੈ।

ਆਮ ਤੌਰ ਤੇ ਕਿਸੇ ਗੁੱਜਰ ਦੀ ਮੌਤ ਤੋਂ ਬਾਅਦ ਜਦੋਂ ਰਾਤ ਨੂੰ ਸੋਗ ਵਾਲਿਆਂ ਦੇ ਨਾਲ ਲੋਕ ਆ ਕੇ ਬੈਠਦੇ ਹਨ ਤਾਂ ਦੋ-ਦੋ, ਤਿੰਨ-ਤਿੰਨ ਗੁੱਜਰ ਮਿਲਕੇ ਪੂਰੀ-ਪੂਰੀ ਰਾਤ ਇਸ ਕਿਤਾਬ ਦੇ ਸ਼ੇਅਰ ਸੁਰ ਵਿੱਚ ਪੜ੍ਹਦੇ ਹਨ ਅਤੇ ਪੜ੍ਹਨ ਦਾ ਤਰੀਕਾ ਬੜਾ ਅਨੋਖਾ ਅਤੇ ਆਪਣੀ ਮਿਸਾਲ ਆਪ ਹੁੰਦਾ ਹੈ। ਘੱਟ ਤੋਂ ਘੱਟ ਇਹ ਸਿਲਸਿਲਾ 40 ਦਿਨਾਂ ਤੱਕ ਚਲਦਾ ਰਹਿੰਦਾ ਹੈ ਅਤੇ ਕਈ-ਕਈ ਵਾਰ ਸੈਫ਼ਲ-ਮਲੂਕ ਦੇ ਸ਼ੇਅਰ ਦੋਹਰਾਏ ਜਾਂਦੇ ਹਨ। ਅੱਜਕੱਲ ਦੇ ਜਮਾਨੇ ਵਿੱਚ ਜਿੱਥੇ ਵਿਆਹ-ਸ਼ਾਦੀਆਂ ਦੇ ਸਮੇਂ ਢੋਲ-ਬਾਜੇ ਅਤੇ ਨਾਚ-ਗਾਣਾ ਕਰਕੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਉਥੇ ਰਿਆਸਤ ਜੰਮੂ-ਕਸ਼ਮੀਰ ਦੇ ਗੁੱਜਰਾਂ ਵਿੱਚ ਸਭ ਤੋਂ ਅਮੀਰ ਵਿਆਹ ਵਿੱਚ ਰਿਆਸਤ ਦੇ ਉਚ-ਚੋਟੀ ਦੇ ਗੀਤਕਾਰਾਂ ਨੂੰ ਬੁਲਾ ਕੇ ਸੈਫ਼ਲ-ਮਲੂਕ ਬੁਲਵਾਇਆ ਜਾਂਦਾ ਹੈ।

“ਮੀਆਂ ਮੁਹੰਮਦ ਬਖਸ਼ ਦੀ ਕਬਰ ਦਮੜੀ ਵਾਲੇ ਪੀਰ ਦੀ ਦਰਗਾਹ ਦੇ ਅੰਦਰ ਅਤੇ ਲਾਗੇ ਹੀ ਹੈ। ਉਨ੍ਹਾਂ ਦਾ ਮਜ਼ਾਰ ਵੱਖਰਾ ਬਣਾਇਆ ਗਿਆ ਹੈ। ਮੀਆਂ ਸਾਹਿਬ ਦਾ ਉਰਸ ਹਰ ਸਾਲ ਮੰਨਾਇਆ ਜਾਂਦਾ ਹੈ। ਇਨ੍ਹਾ ਦੀ ਦਰਗਾਹ ’ਤੇ ਦਿਨ-ਰਾਤ ਲੰਗਰ ਤਿਆਰ ਹੁੰਦਾ ਰਹਿੰਦਾ ਹੈ ਤੇ ਲੋਕੀ ਪ੍ਰਸ਼ਾਦ ਵੱਜੋਂ ਲੰਗਰ ਛੱਕਦੇ ਹਨ।” [9] ਹਜ਼ਾਰਾਂ ਗੁੱਜਰ ਇਨ੍ਹਾਂ ਦੀ ਦਰਗਾਹ ਤੇ ਹਾਜ਼ਰੀ ਦੇਣ ਅਤੇ ਮੁਰਾਦਾਂ ਪਾਉਣ ਲਈ ਆਉਂਦੇ ਹਨ।

**8. ਹਜ਼ਰਤ ਪੀਰਾਂ ਸ਼ਾਹ ਗਾਜ਼ੀ ਕਲੰਦਰ**

ਹਜ਼ਰਤ ਪੀਰਾਂ ਸ਼ਾਹ ਗਾਜੀ ਕਲੰਦਰ ਨੂੰ ਗੁੱਜਰ ਕਬੀਲੇ ਦੇ ਲੋਕ ਦਮੜੀ ਵਾਲੇ ਪੀਰ ਦੇ ਤੌਰ ਤੇ ਮੰਨਦੇ ਹਨ। ਕਿਹਾ ਜਾਂਦਾ ਹੈ ਕਿ ਜਮੀਂਦਰ ਗੁੱਜਰ ਜਦੋਂ ਮੱਕੀ ਦੀ ਫਸਲ ਦੇ ਲਈ ਹਲ ਜੋਤਨਾ ਸ਼ੁਰੂ ਕਰਦੇ ਹਨ। ਉਸ ਸਮੇਂ ਪੀਰਾਂ ਸ਼ਾਹ ਗਾਜ਼ੀ ਦੇ ਨਾਂ ਤੋਂ ਦਮੜੀ (ਘਿਉ ਅਤੇ ਚੀਨੀ ਲਗਾ ਕੇ ਤਿਆਰ ਕੀਤੀ ਮੱਕੀ ਦੀ ਰੋਟੀ) ਨੂੰ ਪਕਾ ਕੇ ਦੁਆ ਕੀਤੀ ਜਾਂਦੀ ਹੈ। ਇਸਦਾ ਥੋੜਾ ਜਿਹਾ ਹਿੱਸਾ ਬੈਲਾਂ ਨੂੰ ਖਿਲਾਇਆਂ ਜਾਂਦਾ ਹੈ ਅਤੇ ਥੋੜਾ ਜਿਹਾ ਹਿੱਸਾ ਕਾਂਵਾਂ ਨੂੰ ਪਾ ਦਿੱਤਾ ਜਾਂਦਾ ਹੈ ਅਤੇ ਬਾਕੀ ਬਚੇ ਹਿੱਸੇ ਨੂੰ ਗੁੱਜਰ ਕੁਨਬੇ ਦੇ ਲੋਕ ਆਪਸ ਵਿੱਚ ਵੰਡ ਕੇ ਖਾ ਲੈਂਦੇ ਹਨ। ਇਸ ਪਿੱਛੇ ਖਿਆਲ ਕੀਤਾ ਜਾਂਦਾ ਹੈ ਕਿ ਦਮੜੀ ਪਕਾ ਕੇ ਦੁਆ ਕਰਕੇ ਹਲ ਸ਼ੁਰੂ ਕਰਨਾ, ਉਸ ਮੌਸਮ ਦੀ ਫਸਲ ਦੇ ਲਈ ਚੰਗਾ ਸਮਝਇਆ ਜਾਂਦਾ ਹੈ। ਦਮੜੀ ਵਾਲੇ ਪੀਰ ਦੀ ਦਰਗਾਹ ਨੂੰ ਗੁੱਜਰ ਸਤਿਕਾਰ ਨਾਲ 'ਖੜੀ ਸ਼ਰੀਫ' ਕਹਿੰਦੇ ਹਨ ਅਤੇ ਇੱਥੇ ਹਾਜ਼ਰੀ ਭਰਦੇ ਹਨ।

ਇਨ੍ਹਾਂ ਤੋਂ ਛੁੱਟ ਰਿਆਸਤ ਜੰਮੂ-ਕਸ਼ਮੀਰ ਦੇ ਗੁੱਜਰ ਪੀਰ ਬਾਬਾ ਛੋਟੇ ਸ਼ਾਹ, ਸਾਈਂ ਮੁਦਰੀਆਂ ਵਾਲੇ, ਬਾਜੀ ਅਲਫ਼ ਦੀਨ, ਸੱਯਦ ਜਮਾਤ ਅਲੀ ਸ਼ਾਹ, ਸਯਦ ਮੁਹੰਮਦ ਮਕਬੂਲ ਸ਼ਾਹ, ਪੀਰ ਕਾਂਜੂ ਸ਼ਾਹ, ਬਾਬਾ ਬੁੱਢਣ ਸ਼ਾਹ, ਹਜ਼ਰਤ ਨੂਰ-ਉਦ-ਦੀਨ ਬਾਲੀ ਆਦਿ ਵਲੀਆ ਨੂੰ ਵੀ ਮੰਨਦੇ ਹਨ ਅਤੇ ਸਮੇਂ-ਸਮੇਂ ਤੇ ਇਨ੍ਹਾਂ ਔਲੀਆਂ ਦੀ ਦਰਗਾਹਾਂ ਤੇ ਜਾ ਕੇ ਮੱਥਾ ਟੇਕਦੇ ਹਨ।

ਰਿਆਸਤ ਜੰਮੂ-ਕਸ਼ਮੀਰ ਦੇ ਗੁੱਜਰ ਕਬੀਲੇ ਦੇ ਲੋਕਾਂ ਵਿੱਚ ਸਿੱਖਿਆ ਬਹੁਤ ਘੱਟ ਹੈ। ਇਸ ਲਈ ਇਹ ਲੋਕ ਆਪਣੀ ਜਾਣਕਾਰੀ ਦੇ ਮੁਤਾਬਿਕ ਜ਼ਿਆਦਾਤਰ ਵਲੀਆਂ ਅਤੇ ਬਜ਼ੁਰਗਾਂ ਨੂੰ ਮੰਨਦੇ ਹਨ ਅਤੇ ਉਹਨਾਂ ਦੀ ਮਜ਼ਾਰ ਤੇ ਜਾਂਦੇ ਹਨ। ਜਾਣਕਾਰੀ ਦੇ ਹਿਸਾਬ ਨਾਲ ਜਿੱਥੇ-ਜਿੱਥੇ ਇਨ੍ਹਾਂ ਨੂੰ ਔਲੀਆ-ਏ-ਕਰਾਮ ਦੀ ਦਰਗਾਹਾਂ ਦਾ ਪਤਾ ਚਲਦਾ ਹੈ, ਇਹ ਜੋ ਉੱਥੇ-ਉੱਥੇ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇਸ ਲਈ ਇਹ ਕਹਿਣਾ ਗਲਤ ਹੋਵੇਗਾ ਕਿ ਇਨ੍ਹਾਂ ਲੋਕਾਂ ਦੇ ਵਲੀ ਕਿਸੇ ਖਾਸ ਤਦਾਦ ਜਾਂ ਹਦ ਤੱਕ ਹਨ। ਸਗੋਂ ਬਾਕੀ ਮੁਸਲਮਾਨਾਂ ਵਾਂਗ ਗੁੱਜਰ ਕਬੀਲੇ ਦੇ ਲੋਕ ਵੀ ਹਰ ਪੀਰ, ਵਲੀ 'ਤੇ ਵਿਸ਼ਵਾਸ ਰੱਖਦੇ ਹਨ। ਹਾਂ, ਇੰਨਾਂ ਜ਼ਰੂਰ ਹੈ ਕਿ ਮੁਸੀਬਤ ਦੇ ਸਮੇਂ ਜਾ ਕਿਸੇ ਕੁਦਰਤੀ ਆਫਤ ਨੂੰ ਕੁਦਰਤੀ ਸਮਝਣ ਦੀ ਬਜਾਏ ਇਹ ਲੋਕ ਉਸਨੂੰ ਆਪਣੀ ਗਲਤੀ ਦਾ ਅਤੇ ਉਸ ਗਲਤੀ ਦੇ ਹਲ ਲਈ ਕਿਸੇ ਵਲੀ ਜਾਂ ਪੀਰ ਦਾ ਦਾਮਨ ਪਕੜਨਾ ਆਪਣੀ ਜਰੂਰਤ ਸਮਝਦੇ ਹਨ। ਅੱਜਕਲ੍ਹ ਦੇ ਆਧੁਨਿਕ ਦੌਰ ਵਿੱਚ ਜਿੱਥੇ ਮੈਡੀਕਲ ਸਾਇੰਸ ਬਹੁਤ ਤਰੱਕੀ ਕਰ ਰਹੀ ਹੈ ਉਥੇ ਇਹ ਲੋਕ ਆਪਣੀ ਬੀਮਾਰੀਆਂ ਨੂੰ ਭੂਤ-ਪ੍ਰੇਤ ਜਾਂ ਜਾਦੂ-ਟੂਣੇ ਦਾ ਕਾਰਨ ਸਮਝ ਕੇ ਡਾਕਟਰਾਂ ਕੋਲ ਜਾਣ ਦੀ ਬਜਾਏ ਇਨ੍ਹਾਂ ਵਲੀਆਂ ਦੇ ਦਰਬਾਰ ਦਾ ਸਹਾਰਾ ਲੈਂਦੇ ਹਨ ਅਤੇ ਆਪਣੀਆਂ ਭੁੱਲਾਂ ਬਖਸ਼ਾਉਂਦੇ ਹਨ। ਸੱਚਮੁੱਚ ਵਲੀਆਂ ਅਤੇ ਪੀਰਾਂ ਨਾਲ ਗੁੱਜਰ ਕਬੀਲੇ ਦੀ ਸ਼ਰਧਾ ਅਤੇ ਆਸਥਾ ਜੁੜੀ ਹੋਈ ਹੈ।

***ਹਵਾਲੇ ਅਤੇ ਟਿੱਪਣੀਆ :-***


1. *ਜੋਸ਼ੀ, ਜੀਤ ਸਿੰਘ (ਡਾ.), ਲੋਕਧਾਰਾ ਸਿਧਾਂਤ ਅਤੇ ਵਿਸ਼ਲੇਸ਼ਣ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ,ਪੰਨਾ-122.*
2. *ਉਹੀ*
3. *ਪੂੰਨੀ, ਬਲਬੀਰ ਸਿੰਘ, 'ਲੋਕਧਾਰਾ ਅਧਿਐਨ', ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ- 104.*
4. *ਦਰਿਆ (ਡਾ.), 'ਪੰਜਾਬੀ ਲੋਕ-ਧਰਮ: ਇਕ ਅਧਿਐਨ', ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ, ਪੰਨਾ- 38.*
5. *ਗੁਰਮੀਤ ਸਿੰਘ (ਡਾ.), 'ਪੰਜਾਬੀ ਲੋਕਧਾਰਾ ਦੇ ਕੁਝ ਪੱਖ', ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, ਪੰਨਾ- 14.*
6. *ਹਸਨ ਪਰਵਾਜ, ਮੁੱਖੀ ਗੋਜਰੀ ਵਿਭਾਗ, ਰੇਡੀਓ-ਕਸ਼ਮੀਰ ਜੰਮੂ ਅਤੇ ਗੋਜਰੀ ਸਾਹਿਤਕਾਰ (ਜੰਮੂ) ਤੋਂ ਸੁਣੀ ਕਥਾ 'ਤੇ ਆਧਾਰਿਤ*
7. *ਚੌਧਰੀ, ਜ਼ਫ਼ਰ ਅਲੀ ਖਟਾਣਾ, ਗੁੱਜਰ-ਬੱਕਰਵਾਲਾਂ ਦੇ ਵਿਕਾਸ ਲਈ ਬਣੇ ਜੰਮੂ-ਕਸ਼ਮੀਰ ਸਟੇਟ ਐਡਵਾਈਜਰੀ ਬੋਰਡ ਦੇ ਮੈਂਬਰ ਤੋਂ ਸੁਣੀ ਕਥਾ 'ਤੇ ਆਧਾਰਿਤ।*
8. *ਉਹੀ*
9. *ਖ਼ਾਲਿਦ ਹੁਸੈਨ, 'ਮੇਰੇ ਰੰਗ ਦੇ ਅੱਖਰ', ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨਾ-39-40.*